**ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ**
**( S.S.S. Board, Punjab**
**ਵਣ ਕੰਪਲੈਕਸ ਸੈਕਟਰ-68, ਅਜੀਤਗੜ੍ਹ (ਮੋਹਾਲੀ)**

**ਜਨਤਕ ਨਿਯੁਕਤੀਆਂ**

**ਇਸ਼ਤਿਹਾਰ ਨੰਬਰ: 04 ਆਫ 2016**

ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਤੋਂ ਮੰਗ-ਪੱਤਰ ਪ੍ਰਾਪਤ ਹੋਣ ਉਪਰੰਤ ਹੇਠ ਲਿਖੀਆਂ ਆਸਾਮੀਆਂ ਦੀ ਭਰਤੀ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

| ਲੜੀ ਨੰ: | ਆਸਾਮੀ ਦਾ ਨਾਮ | ਜਨਰਲ | ਅ:ਜ: | ਪ.ਸ. | ਸਾਬਕਾ ਫੌਜੀ(ਖੁਦ/ ਆਸ਼ਰਿਤ) | ਖਿਡਾਰੀ | ਅੰਗਹੀਣ | ਸੁਤੰਤਰਤਾ ਸੰਗਰਾਮੀ | ਕੁੱਲ |
|---|---|---|---|---|---|---|---|---|---|
| 1. | ਕਲਰਕ | 705 | 371 | 176 | 363 | 74 | 48 | 22 | 1759 |
| 2. | ਕਲਰਕ-ਕਮ-ਡਾਟਾ ਐਂਟਰੀ ਓਪਰੇਟਰ | 03 | 02 | -- | 01 | -- | -- | -- | 06 |
| 3. | ਸਟੈਨੋ-ਟਾਈਪਿਸਟ | 197 | 95 | 43 | 55 | 13 | 14 | 04 | 421 |
| 4. | ਜੂਨੀਅਰ ਸਕੇਲ ਸਟੈਨੋਗ੍ਰਾਫਰ | 06 | 04 | 01 | 01 | -- | 02 | -- | 14 |

ਉਪਰੋਕਤ ਅਸਾਮੀਆਂ ਦੀ ਭਰਤੀ ਲਈ ਬਿਨੈਕਾਰ ਅਧੀਨ ਸੇਵਾਵਾਂ ਚੋਣ ਬੋਰਡ ਦੀ ਵੈੱਬਸਾਇਟ **www.punjabsssb.gov.in** ਤੇ ਮਿਤੀ 07.09.2016 ਤੋਂ 27.09.2016 ਤੱਕ ਸਾਮ 5:00 ਵਜੇ ਤੱਕ **Online** ਅਪਲਾਈ ਕਰ ਸਕਦੇ ਹਨ।

2. **ਤਨਖਾਹ ਸਕੇਲ- ਲੜੀ ਨੰ: 1, 2 ਅਤੇ 3 ਲਈ** :- 10300-34800+3200 ਗ੍ਰੇਡ ਪੇਅ

ਤਨਖਾਹ ਸਕੇਲ ਲੜੀ ਨੰ: 4 ਲਈ:- 10300-34800+3600 ਗ੍ਰੇਡ ਪੇਅ

3. **ਵਿਦਿਅਕ ਯੋਗਤਾ- ਲੜੀ ਨੰ: 1, 2, 3 ਅਤੇ 4 ਲਈ** :- (ੳ) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਗ੍ਰੇਜੂਏਸ਼ਨ ਦੀ ਡਿਗਰੀ ਯੂ.ਜੀ.ਸੀ ਦੀਆਂ ਗਾਈਡਲਾਈਨਜ/ ਹਦਾਇਤਾਂ ਅਨੁਸਾਰ ਹੋਵੇ।

ਅ) ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ।

ੲ) Possesses at least one hundred and twenty hours course with hands on experience in the use of Personal computer on Information Technology in office productivity applications or Desktop Publishing applications from Government recognized institution or a reputed institution , which is ISO 9001 certified .

OR

Possesses a Computer Information Technology Course Equivalent to O level certificate of Department of Electronics Accreditation of Computer Course (DOEACC) of Government of India.

4. ਉਪਰੋਕਤ ਦਰਸਾਈਆਂ ਆਸਾਮੀਆਂ ਲਈ ਵੱਖ-ਵੱਖ ਫਾਰਮ ਭਰਿਆ ਜਾਣਾ ਹੈ।
5. ਤਨਖਾਹ ਸਬੰਧੀ ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਲਾਗੂ ਹੋਣਗੀਆਂ।
6. ਉਕਤ ਦਰਸਾਈਆਂ ਸਾਰੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।
7. ਉਪਰੋਕਤ ਆਸਾਮੀਆਂ ਨਾਲ ਸਬੰਧਤ ਵਿਸਥਾਰਪੂਰਵਕ ਵੇਰਵੇ, ਜਿਵੇਂ ਕਿ ਅਸਾਮੀਆਂ ਦਾ ਕੈਟਾਗਰੀਵਾਈਜ ਵੇਰਵਾ, ਵਿਦਿਅਕ ਯੋਗਤਾਵਾਂ, ਉਮਰ ਸੀਮਾ, ਚੋਣ ਵਿਧੀ, ਕੈਟਾਗਰੀ ਕੋਡ, ਹੋਰ ਹਦਾਇਤਾਂ ਅਤੇ ਸ਼ਰਤਾਂ/ਬਾਨਾਂ ਆਦਿ (Terms and conditions) ਅਧੀਨ ਸੇਵਾਵਾਂ ਚੋਣ ਬੋਰਡ ਦੀ ਵੈੱਬਸਾਇਟ www.punjabsssb.gov.in ਤੇ ਉੱਪਲਬੱਧ ਹਨ ।

ਸਕੱਤਰ

ਮਿਤੀ: 01.09.2016 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਇਸਤਿਹਾਰ ਨੰਬਰ : 04 ਆਫ 2016 ਡਿਟੇਲਡ ਸੂਚਨਾ

1. ਜਾਣ – ਪਹਿਚਾਣ:-

ੳ) ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ । ਜਿਸ ਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ *ਸੀ* ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

ਕਲਰਕ, ਕਲਰਕ-ਕਮ-ਡਾਟਾ ਐਂਟਰੀ ਓਪਰੇਟਰ, ਸਟੈਨੋ-ਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗ੍ਰਾਫਰ ਦੀਆਂ ਅਸਾਮੀਆਂ ਭਰਨ ਦੀ ਪ੍ਰਕ੍ਰਿਆ -2016

ਇਸਤਿਹਾਰ ਨੰਬਰ: 04 ਆਫ 2016

ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਤੋਂ ਮੰਗ-ਪੱਤਰ ਪ੍ਰਾਪਤ ਹੋਣ ਉਪਰੰਤ ਹੇਠ ਲਿਖੀਆਂ ਆਸਾਮੀਆਂ ਦੀ ਭਰਤੀ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

ਨੋਟ :- ਇਹ ਇਸ਼ਤਿਹਾਰ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਦੇ ਅਧਾਰ ਤੇ ਦਿੱਤਾ ਜਾ ਰਿਹਾ ਹੈ , ਇਸ ਵਿੱਚ ਕਿਸੇ ਵੀ ਤਰਾਂ ਦੀ ਰੱਦੋ ਬਦਲ ਕਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ ।

2. ਆਸਾਮੀਆਂ ਦਾ ਵਰਗੀਕਰਨ

| ਲੜੀ ਨੰ: | ਆਸਾਮੀ ਦਾ ਨਾਮ | ਜਨਰਲ | ਅ:ਜ: | ਪ.ਸ. | ਸਾਬਕਾ ਫੌਜੀ(ਖੁਦ/ ਆਸ਼ਰਿਤ) | ਖਿਡਾਰੀ | ਅੰਗਹੀਣ | ਸੁਤੰਤਰਤਾ ਸੰਗਰਾਮੀ | ਕੁੱਲ |
|---|---|---|---|---|---|---|---|---|---|
| 1. | ਕਲਰਕ | 705 | 371 | 176 | 363 | 74 | 48 | 22 | 1759 |
| 2. | ਕਲਰਕ-ਕਮ-ਡਾਟਾ ਐਂਟਰੀ ਓਪਰੇਟਰ | 03 | 02 | -- | 01 | -- | -- | -- | 06 |
| 3. | ਸਟੈਨੋ-ਟਾਈਪਿਸਟ | 197 | 95 | 43 | 55 | 13 | 14 | 04 | 421 |
| 4. | ਜੂਨੀਅਰ ਸਕੇਲ ਸਟੈਨੋਗ੍ਰਾਫਰ | 06 | 04 | 01 | 01 | -- | 02 | -- | 14 |

ਉਪਰੋਕਤ ਆਸਾਮੀਆਂ ਤੇ ਭਰਤੀ ਲਈ ਬਿਨੈਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਵੈਬਸਾਈਟ www.punjabsssb.gov.in ਤੇ ਮਿਤੀ 07.09.2016 ਤੋ 27.09.2016 ਤੱਕ ਸ਼ਾਮ 5.00 ਵਜੇ ਤੱਕ Online ਅਪਲਾਈ ਕਰ ਸਕਦੇ ਹਨ।

3. ਵਿਦਿਅਕ ਯੋਗਤਾ / ਪੇਅ ਸਕੇਲ

| ਲੜੀ ਨੰ: | ਆਸਾਮੀ ਦਾ ਨਾਂ | ਵਿਦਿਅਕ ਯੋਗਤਾ | ਪੇਅ ਸਕੇਲ |
|---|---|---|---|
| 1. | ਕਲਰਕ | (ੳ) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਗ੍ਰੇਜੂਏਸ਼ਨ ਦੀ ਡਿਗਰੀ ਯੂ.ਜੀ.ਸੀ ਦੀਆਂ ਗਾਈਡਲਾਈਨਜ/ ਹਦਾਇਤਾਂ ਅਨੁਸਾਰ ਹੋਵੇ।<br>ਅ) ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ।<br>ੲ) Possesses at least one hundred and twenty hours course with hands on | 10300-34800+3200 ਗ੍ਰੇਡ ਪੇਅ |

| | | | |
|---|---|---|---|
| | | experience in the use of Personal computer on Information Technology in office productivity applications or Desktop Publishing applications from Government recognized institution or a reputed institution , which is ISO 9001 certified .<br>OR<br>Possesses a Computer Information Technology Course Equivalent to O level certificate of Department of Electronics Accreditation of Computer Course (DOEACC) of Government of India.<br>ਸ) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਪਿਊਟਰ ਉੱਤੇ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਪਾਸ ਕਰਨਾ ਜਰੂਰੀ ਹੋਵੇਗਾ ਜਿਸ ਵਿੱਚ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ 300 ਸ਼ਬਦ ਦੇ ਦੋ ਪੈਰ੍ਹੇ (ਪੰਜਾਬੀ ਅਤੇ ਅੰਗਰੇਜੀ) ਟਾਈਪ ਕਰਨੇ ਹੋਣਗੇ। | |
| 2. | ਕਲਰਕ-ਕਮ-ਡਾਟਾ ਐਂਟਰੀ ਓਪਰੇਟਰ | (ੳ) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਯੂ.ਜੀ.ਸੀ ਦੀਆਂ ਗਾਈਡਲਾਈਨਜ/ ਹਦਾਇਤਾਂ ਅਨੁਸਾਰ ਹੋਵੇ।<br>ਅ) ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ।<br>ੲ) Possesses at least one hundred and twenty hours course with hands on experience in the use of Personal computer on Information Technology in office productivity applications or Desktop Publishing applications from Government recognized institution or a reputed institution , which is ISO 9001 certified .<br>OR<br>Possesses a Computer Information Technology Course Equivalent to O level certificate of Department of Electronics Accreditation of Computer Course (DOEACC) of Government of India.<br>ਸ) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਪਿਊਟਰ ਉੱਤੇ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਪਾਸ ਕਰਨਾ ਜਰੂਰੀ ਹੋਵੇਗਾ ਜਿਸ ਵਿੱਚ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ 300 ਸ਼ਬਦ ਦੇ ਦੋ ਪੈਰ੍ਹੇ (ਪੰਜਾਬੀ ਅਤੇ ਅੰਗਰੇਜੀ) ਟਾਈਪ ਕਰਨੇ ਹੋਣਗੇ। | 10300-34800+3200 ਗ੍ਰੇਡ ਪੇਅ |
| 3. | ਸਟੈਨੋਟਾਈਪਿਸਟ | ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਸਨ ਦੀ ਡਿਗਰੀ ਪਾਸ ਕੀਤੀ ਹੋਵੇ । ਸਰਕਾਰ ਵੱਲੋਂ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਜਾਂ ਉਹ ਸੰਸਥਾ ਜੋ ਕਿ ਆਈ.ਐਸ.ਓ.9001 ਤਸਦੀਕ ਹੋਵੇ ਦਾ 120 ਘੰਟਿਆਂ ਦਾ ਕੰਪਿਊਟਰ ਕੋਰਸ ਪਾਸ ਕੀਤਾ ਹੋਵੇ; ਜਾਂ ਭਾਰਤ ਸਰਕਾਰ ਦੇ ਇਲੈਕਟਰੋਨਿਕ ਐਕਰੀਡੀਏਸ਼ਨ ਆਫ ਕੰਪਿਊਟਰ ਵਿਭਾਗ (DOEACC) ਤੋਂ ਕੰਪਿਊਟਰ ਇੰਨਫਰਮੇਸ਼ਨ ਟੈਕਨਾਲੋਜੀ ਕੋਰਸ ਦੇ ਬਰਾਬਰ *ਓ* ਲੈਵਲ ਦਾ ਸਰਟੀਫਿਕੇਟ ਕੋਰਸ ਪਾਸ ਕੀਤਾ ਹੋਵੇ। | 10300-34800+3200 |

| | | | |
|---|---|---|---|
| | | ਉਮੀਦਵਾਰ ਨੂੰ ਬੋਰਡ ਦੁਆਰਾ ਨਿਰਧਾਰਤ ਪੰਜਾਬੀ ਸਟੈਨੋਗ੍ਰਾਫੀ ਦਾ ਟੈਸਟ ਪਾਸ ਕਰਨਾ ਹੋਵੇਗਾ। ਪੰਜਾਬੀ ਸਟੈਨੋਗਰਾਫੀ ਟੈਸਟ ਸਬੰਧੀ ਪੂਰਾ ਵੇਰਵਾ ਲੜੀ ਨੰ: 16 ਤੇ ਵੇਖਿਆ ਜਾ ਸਕਦਾ ਹੈ । | |
| 3. | ਜੂਨੀਅਰ ਸਕਲ ਸਟੈਨੋਗਰਾਫਰ | ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਸਨ ਦੀ ਡਿਗਰੀ ਪਾਸ ਕੀਤੀ ਹੋਵੇ । ਸਰਕਾਰ ਵੱਲੋਂ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਜਾਂ ਉਹ ਸੰਸਥਾ ਜੋ ਕਿ ਆਈ.ਐਸ.ਓ.9001 ਤਸਦੀਕ ਹੋਵੇ ਦਾ 120 ਘੰਟਿਆਂ ਦਾ ਕੰਪਿਊਟਰ ਕੋਰਸ ਪਾਸ ਕੀਤਾ ਹੋਵੇ; ਜਾਂ ਭਾਰਤ ਸਰਕਾਰ ਦੇ ਇਲੈਕਟਰੋਨਿਕ ਐਕਰੀਡੀਏਸ਼ਨ ਆਫ ਕੰਪਿਊਟਰ ਵਿਭਾਗ (DOEACC) ਤੋਂ ਕੰਪਿਊਟਰ ਇੰਨਫਰਮੇਸ਼ਨ ਟੈਕਨਾਲੋਜੀ ਕੋਰਸ ਦੇ ਬਰਾਬਰ *ਓ* ਲੈਵਲ ਦਾ ਸਰਟੀਫਿਕੇਟ ਕੋਰਸ ਪਾਸ ਕੀਤਾ ਹੋਵੇ। ਉਮੀਦਵਾਰ ਨੂੰ ਬੋਰਡ ਦੁਆਰਾ ਨਿਰਧਾਰਤ ਪੰਜਾਬੀ ਸਟੈਨੋਗ੍ਰਾਫੀ ਦਾ ਟੈਸਟ ਪਾਸ ਕਰਨਾ ਹੋਵੇਗਾ। ਪੰਜਾਬੀ ਸਟੈਨੋਗਰਾਫੀ ਟੈਸਟ ਸਬੰਧੀ ਪੂਰਾ ਵੇਰਵਾ ਲੜੀ ਨੰ: 16 ਤੇ ਵੇਖਿਆ ਜਾ ਸਕਦਾ ਹੈ । | 10300-34800+3600 |

4. ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ।

5. ਪੰਜਾਬੀ ਟਾਈਪ ਟੈਸਟ ਦੇਣ ਸਮੇਂ ਉਮੀਦਵਾਰ ਅੰਗਰੇਜੀ ਕੀ -ਬੋਰਡ ਤੇ 'Asees or Joy font ' ਤੇ ਹੀ ਟੈਸਟ ਦੇਣਗੇ ।

6. ਲੜੀ ਨੰ: 1 ਅਤੇ 2 ਉਪਰ ਦਰਜ ਆਸਾਮੀਆਂ ਲਈ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਪਾਸ ਕਰਨਾ ਜਰੂਰੀ ਹੈ। ਟਾਈਪ ਟੈਸਟ ਵਿੱਚ 8% ਗਲਤੀਆਂ ਮੁਆਫ ਹੋਣਗੀਆਂ ਅਤੇ ਜੇਕਰ ਕੋਈ ਉਮੀਦਵਾਰ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਪਾਸ ਨਹੀਂ ਕਰਦਾ ਤਾਂ ਉਸ ਦੀ ਪਾਤਰਤਾ ਉਸੇ ਸਟੇਜ ਤੇ ਹੀ ਖਤਮ ਹੋ ਜਾਵੇਗੀ।

7. ਤਨਖਾਹ ਸਬੰਧੀ, ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵਲੋਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਲਾਗੂ ਹੋਣਗੀਆਂ।

8. ਉਕਤ ਦਰਸਾਈਆਂ ਸਾਰੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।

**9. ਉਮਰ ਸੀਮਾ:-**

ੳ) ਮਿਤੀ 1.1.2016 ਨੂੰ ਜਨਰਲ ਸ੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ ।

ਅ) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਹੋਵੇਗੀ ।

ੲ) ਰਾਜ ਅਤੇ ਕੇਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾਂ ਵਿਚ 45 ਸਾਲ ਦੀ ਉਮਰ ਹੋਣ ਤੱਕ ਛੋਟ ਦਿੱਤੀ ਜਾਵੇਗੀ।

ਸ) ਪੰਜਾਬ ਦੇ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾ Punjab Recruitment of Ex-servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੇਵੋਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

ਹ) ਪੰਜਾਬ ਦੇ ਵਸਨੀਕ ਅੰਗਹੀਣਾਂ ਦੀ ਉਪਰਲੀ ਉਮਰ ਸੀਮਾ ਵਿੱਚ ਵੀ 47 ਸਾਲ ਤੱਕ ਛੋਟ ਦਿੱਤੀ ਜਾਵੇਗੀ ।

**10. ਫੀਸ ਸਬੰਧੀ ਵੇਰਵਾ:-**

| | |
|---|---|
| ਜਨਰਲ ਕੈਟਾਗਰੀ | 600/- ਰੁਪਏ |
| ਐਸ.ਸੀ/ਬੀ.ਸੀ. | 150/- ਰੁਪਏ |
| ਸਾਬਕਾ ਫੌਜੀ ਅਤੇ ਆਸਰਿਤ | 100/- ਰੁਪਏ |
| ਅੰਗਹੀਣ | 300/- ਰੁਪਏ |

11. **ਪ੍ਰਤੀ ਬੇਨਤੀ ਭੇਜਣ ਸਬੰਧੀ**

ਉਮੀਦਵਾਰ ਬੋਰਡ ਦੀ ਵੈਬਸਾਈਟ www.punjabsssb.gov.in ਤੇ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

ਉਪਰੋਕਤ ਦਰਸਾਈਆਂ ਆਸਾਮੀਆਂ ਲਈ ਵੱਖਰਾ-ਵੱਖਰਾ ਫਾਰਮ ਭਰਿਆ ਜਾਣਾ ਹੈ।

**12. e?Nkroh e'v(Category codes):**

| | |
|---|---|
| **101** | **General** |
| **102** | **S.C (M & B)** |
| **103** | **S.C (Ramdasia & others )** |
| **104** | **B.C** |
| **105** | **ESM Gen. (self )** |
| **106** | **ESM Gen. (D )** |
| **107** | **ESM SC (self )** |
| **108** | **ESM SC. (D )** |
| **109** | **ESM .BC (self )** |
| **110** | **ESM BC. (D )** |
| **111** | **Sports Gen.** |
| **112** | **Sports SC** |
| **113** | **Physical Handicapped (ortho)** |
| **114** | **Physical Handicapped (Visual impaired )** |
| **115** | **Physical Handicapped (Hearing impaired )** |
| **116** | **Freedom Fighter** |

ੳ) ਉਮੀਦਵਾਰ ਕੈਟਾਗਰੀ ਕੋਡ ਦਾ ਖਿਆਲ ਰੱਖਦੇ ਹੋਏ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਇਹ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

ਅ) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਮਿਲਣਯੋਗ ਹੋਵੇਗਾ, ਇਸ ਲਈ ਕੈਟਾਗਰੀ ਕੋਡ ਭਰਨ ਸਮੇਂ ਉਮੀਦਵਾਰ ਆਪ ਹੀ ਧਿਆਨ ਰੱਖੇਗਾ। ਉਮੀਦਵਾਰਾਂ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿਚ ਦਰਜ ਕੋਡ ਦੇ ਆਧਾਰ ਤੇ ਹੀ ਉਸ ਦੀ ਪਾਤਰਤਾ ਬਾਰੇ ਵਿਚਾਰ ਕੀਤਾ ਜਾਵੇਗਾ।

ੲ) ਜੇਕਰ ਕੋਈ ਉਮੀਦਵਾਰ ਉਕਤ ਦਰਜ ਆਸਾਮੀਆਂ ਦੇ ਅਜਿਹੇ ਕੈਟਾਗਰੀ/ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸ ਦੀ ਕੋਈ ਆਸਾਮੀ ਇਸ਼ਤਿਹਾਰ ਹੀ ਨਾ ਕੀਤੀ ਗਈ ਹੋਵੇ, ਅਜਿਹੇ ਪ੍ਰਾਰਥੀਆਂ ਦੀ ਉਮੀਦਵਾਰਤਾ ਮੁੱਢ ਤੋਂ ਰੱਦ ਮੰਨੀ ਜਾਵੇਗੀ।

13. **ਉਮੀਦਵਾਰ ਨੂੰ ਅਯੋਗ ਠਹਿਰਾਉਣ ਸਬੰਧੀ ਸੰਖੇਪ ਸ਼ਰਤਾਂ:-**

ੳ) ਪੂਰੀ ਫੀਸ ਦਾ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣਾ;

ਅ) ਪ੍ਰਤੀਬੇਨਤੀ/ਫਾਰਮ ਵਿਚ ਅਧੂਰੀ ਜਾਂ ਗਲਤ ਸੂਚਨਾ ਦੇਣਾ;

ੲ) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ;

ਸ) ਵਿਦਿਅਕ ਯੋਗਤਾ ਜਾਂ ਉਮਰ ਆਦਿ ਸਬੰਧੀ ਸ਼ਰਤਾਂ ਦਾ ਪੂਰਾ ਨਾ ਹੋਣਾ।

ਹ) ਆਨਲਾਈਨ ਤੋਂ ਇਲਾਵਾ ਕਿਸੇ ਹੋਰ ਵਿਧੀ ਰਾਹੀਂ ਪ੍ਰਾਪਤ ਹੋਈ ਅਰਜੀ ਜਾਂ ਆਨਲਾਈਨ ਦਾ ਪ੍ਰੋਸੈਸ ਅਧੂਰਾ ਹੋਣਾ।

14. **ਰਿਜਰਵੇਸ਼ਨ ਸਰਟੀਫਿਕੇਟ:-**

ੳ) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਭਲਾਈ ਵਿਭਾਗ, ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਅਤੇ ਸਾਬਕਾ ਫੌਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸਬੰਧਤ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਵੇਗਾ।

ਅ) ਵੱਖ-ਵੱਖ ਕੈਟਾਗਰੀਆਂ ਐਸ.ਸੀ/ਬੀ.ਸੀ., ਸਾਬਕਾ ਫੌਜੀ, ਕੈਟਾਗਰੀ ਨਾਲ ਸਬੰਧਤ ਉਮੀਦਵਾਰ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ਸਬੂਤ ਵਜੋਂ ਕੌਂਸਲਿੰਗ ਸਮੇਂ ਪੇਸ਼ ਕਰਨਗੇ।

15. **ਚੋਣ ਵਿਧੀ:-**

ਪ੍ਰਕਾਸ਼ਤ ਕੀਤੀਆਂ ਗਈਆਂ ਆਸਾਮੀਆਂ ਸਬੰਧੀ ਉਮੀਦਵਾਰਾਂ ਦੀ ਮੈਰਿਟ ਹੇਠ ਅਨੁਸਾਰ ਦਰਜ ਆਸਾਮੀਆਂ ਦੇ ਸਾਹਮਣੇ ਦਰਸਾਈ ਚੋਣ ਵਿਧੀ ਅਨੁਸਾਰ ਤਿਆਰ ਕੀਤੀ ਜਾਵੇਗੀ :-

| ਲੜੀ ਨੰ: | ਆਸਾਮੀ ਦਾ ਨਾਂ | ਚੋਣ ਵਿਧੀ |
|---|---|---|
| 1. | ਕਲਰਕ | ਨਿਰਧਾਰਤ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ Qualify ਕਰਨ ਵਾਲੇ ਉਮੀਦਵਾਰਾਂ ਦੀ ਮੈਰਿਟ ਗਰੈਜੁਏਸ਼ਨ ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। ਪਰੰਤੂ ਜੇਕਰ ਬੋਰਡ ਵਲੋਂ ਲਿਖਤੀ ਪ੍ਰੀਖਿਆ ਲਈ ਜਾਂਦੀ ਹੈ ਤਾਂ ਮੈਰਿਟ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਕਾਉਂਸਲਿੰਗ ਲਈ ਬੋਰਡ ਵਲੋਂ ਲਏ ਜਾਣ ਵਾਲੇ ਫੈਸਲੇ ਅਨੁਸਾਰ ਸੱਦਿਆ ਜਾਵੇਗਾ |
| 2. | ਕਲਰਕ-ਕਮ-ਡਾਟਾ ਐਂਟਰੀ ਓਪਰੇਟਰ | ਨਿਰਧਾਰਤ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ Qualify ਕਰਨ ਵਾਲੇ ਉਮੀਦਵਾਰਾਂ ਦੀ ਮੈਰਿਟ ਗਰੈਜੁਏਸ਼ਨ ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। ਪਰੰਤੂ ਜੇਕਰ ਬੋਰਡ ਵਲੋਂ ਲਿਖਤੀ ਪ੍ਰੀਖਿਆ ਲਈ ਜਾਂਦੀ ਹੈ ਤਾਂ ਮੈਰਿਟ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਕਾਉਂਸਲਿੰਗ ਲਈ ਬੋਰਡ ਵਲੋਂ ਲਏ ਜਾਣ ਵਾਲੇ ਫੈਸਲੇ ਅਨੁਸਾਰ ਸੱਦਿਆ ਜਾਵੇਗਾ |
| 3. | ਸਟੈਨੋ-ਟਾਈਪਿਸਟ | ਜੂਨੀਅਰ ਸਕੇਲ ਸਟੈਨੋਗ੍ਰਾਫਰ ਦੀ ਆਸਾਮੀ ਲਈ ਚੋਣ ਉਮੀਦਵਾਰ ਦੇ ਸਟੈਨੋਗ੍ਰਾਫੀ ਟੈਸਟ ਦੇ ਆਧਾਰ ਤੇ ਮੈਰਿਟ ਅਨੁਸਾਰ ਕੀਤੀ ਜਾਵੇਗੀ। |
| 4. | ਜੂਨੀਅਰ ਸਕੇਲ ਸਟੈਨਗ੍ਰਾਫਰ | ਸਟੈਨੋ-ਟਾਈਪਿਸਟ ਦੀ ਆਸਾਮੀ ਲਈ ਚੋਣ ਉਮੀਦਵਾਰ ਦੇ ਸਟੈਨੋਗ੍ਰਾਫੀ ਟੈਸਟ ਦੇ ਆਧਾਰ ਤੇ ਮੈਰਿਟ ਅਨੁਸਾਰ ਕੀਤੀ ਜਾਵੇਗੀ। |

16. **<u>ਜੂਨੀਅਰ ਸਕੇਲ ਸਟੈਨੋਗ੍ਰਾਫਰ ਅਤੇ ਸਟੈਨੋ-ਟਾਈਪਿਸਟ ਦੀ ਆਸਾਮੀ ਲਈ ਨਿਰਧਾਰਿਤ ਸਟੈਨੋਗ੍ਰਾਫੀ ਟੈਸਟ</u>**

ੳ) **ਸਟੈਨੋਟਾਈਪਿਸਟ** ਦੀ ਆਸਾਮੀ ਲਈ ਉਮੀਦਵਾਰਾਂ ਦਾ ਪੰਜਾਬੀ ਸਟੈਨੋਗ੍ਰਾਫੀ ਡਿਕਟੇਸ਼ਨ ਟੈਸਟ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਲਿਆ ਜਾਵੇਗਾ ਅਤੇ ਇਸ ਟੈਸਟ ਲਈ ਕੁੱਲ 400 ਸ਼ਬਦ (200-200 ਸ਼ਬਦ ਦੇ ਦੋ ਪੈਰ੍ਹੇ) ਹੋਣਗੇ, ਜਿਸ ਨੂੰ ਮੈਨੂਅਲ ਟਾਈਪਰਾਈਟਰ ਤੇ 15 ਸ਼ਬਦ ਪ੍ਰਤੀ ਮਿੰਟ ਦੇ ਹਿਸਾਬ ਨਾਲ ਟਰਾਂਸਕਰਾਈਬ ਕਰਨਾ ਹੋਵੇਗਾ ਅਤੇ 8 ਪ੍ਰਤੀਸ਼ਤ ਗਲਤੀਆਂ ਮੁਆਫ ਕਰਨਯੋਗ ਹੋਣਗੀਆਂ।

ਅ) **ਜੂਨੀਅਰ ਸਕੇਲ ਸਟੈਨੋਗ੍ਰਾਫਰ** ਦੀ ਆਸਾਮੀ ਲਈ ਉਮੀਦਵਾਰਾਂ ਦਾ ਪੰਜਾਬੀ ਸਟੈਨੋਗ੍ਰਾਫੀ ਡਿਕਟੇਸ਼ਨ ਦਾ ਟੈਸਟ 100 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਲਿਆ ਜਾਵੇਗਾ ਅਤੇ ਇਸ ਟੈਸਟ ਲਈ ਕੁੱਲ 500 ਸ਼ਬਦ (250-250 ਸ਼ਬਦ ਦੇ ਦੋ ਪੈਰ੍ਹੇ) ਹੋਣਗੇ, ਜਿਸ ਨੂੰ ਮੈਨੂਅਲ ਟਾਈਪਰਾਈਟਰ ਤੇ 20 ਸ਼ਬਦ ਪ੍ਰਤੀ ਮਿੰਟ ਦੇ ਹਿਸਾਬ ਨਾਲ ਟਰਾਂਸਕਰਾਈਬ ਕਰਨਾ ਹੋਵੇਗਾ। ਇਸ ਤੋਂ ਇਲਾਵਾ ਅੰਗਰੇਜੀ ਸ਼ਾਰਟਹੈਂਡ ਦਾ ਟੈਸਟ 50 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਲਿਆ ਜਾਵੇਗਾ, ਜਿਸ ਲਈ 200 ਸ਼ਬਦ ਦਾ ਇੱਕ ਪੈਰ੍ਹਾ ਹੋਵੇਗਾ ਜੋਕਿ 10 ਸ਼ਬਦ ਪ੍ਰਤੀ ਮਿੰਟ ਨਾਲ ਟਰਾਂਸਕਰਾਈਬ ਕਰਨਾ ਹੋਵੇਗਾ। 8 ਪ੍ਰਤੀਸ਼ਤ ਗਲਤੀਆਂ ਮੁਆਫ ਕਰਨਯੋਗ ਹੋਣਗੀਆਂ।

17. **ਜਨਰਲ ਹਦਾਇਤਾਂ:-**

ੳ) ਉਮੀਦਵਾਰ ਬੋਰਡ ਦੀ ਵੈਬਸਾਈਟ ਤੇ latest updates ਲਈ ਆਪ ਹੀ ਰੈਗੂਲਰ ਤੌਰ ਤੇ ਚੈਕ ਰੱਖਣਗੇ।

ਅ) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜਿਮੇਵਾਰੀ ਨਹੀਂ ਹੋਵੇਗੀ।

ੲ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ ਉਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਕਿਸੇ ਵੀ ਕਾਲਮ ਜਾਂ ਫਾਰਮ ਵਿਚ ਅਧੂਰੇ ਵੇਰਵੇ ਹੋਣ ਦੀ ਸੂਰਤ ਵਿਚ ਫਾਰਮ ਰੱਦ ਸਮਝੇ ਜਾਣਗੇ । **<u>ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।</u>**

ਸ) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਆਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਕਰਦਾ ਹੈ। ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ

ਕਾਊਂਸਲਿੰਗ ਸਮੇਂ ਉਮੀਦਵਾਰ ਵੱਲੋਂ ਅਸਲ ਦਸਤਾਵੇਜਾਂ ਦੇ ਆਧਾਰ ਤੇ ਉਮਰ, ਵਿਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜਾਂ ਸਬੰਧੀ ਤਸਦੀਕ ਕਰਨੀ ਹੋਵੇਗੀ। ਕਿਸੇ ਵੀ ਦਸਤਾਵੇਜ ਦੀ ਅਣਹੋਂਦ ਵਿਚ ਉਮੀਦਵਾਰ ਨੂੰ ਨਿਯੁਕਤੀ/ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

ਹ) ਉਮੀਦਵਾਰ ਆਪਣੀ ਕੈਟਾਗਰੀ ਧਿਆਨਪੂਰਵਕ ਭਰਨ, ਇਕ ਵਾਰੀ ਭਰੀ ਗਈ ਕੈਟਾਗਰੀ ਤਬਦੀਲੀ ਯੋਗ ਨਹੀਂ ਹੋਵੇਗੀ।

ਕ) ਵੱਖ-ਵੱਖ ਵਰਗਾਂ ਵਿਚ ਆਸਾਮੀਆਂ ਉਸ ਵਰਗ ਵਿਚ ਆਸਾਮੀ ਦੀ ਉਪਲਬਧਤਾ ਅਧੀਨ ਭਰੀਆਂ ਜਾਣਗੀਆਂ।

ਖ) ਇਸ਼ਤਿਹਾਰ ਵਿਚ ਦਿੱਤੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।

ਗ) ਕਾਊਂਸਲਿਗ ਲਈ ਬੁਲਾਏ ਜਾਣ ਨਾਲ ਉਮੀਦਵਾਰ, ਸਿਫਾਰਸ਼ ਲਈ ਅਧਿਕਾਰੀ ਨਹੀਂ ਬਣ ਜਾਵੇਗਾ।

ਘ) ਉਮੀਦਵਾਰ ਕਾਉਂਸਲਿੰਗ ਵੇਲੇ ਆਪਣੇ ਸਾਰੇ ਅਸਲ ਵਿਦਿਅਕ/ਤਕਨੀਕੀ ਯੋਗਤਾ ਅਤੇ ਸ਼੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲਿਆਉਣਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ।

ਙ) ਉਮੀਦਵਾਰ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਸੂਚੀ ਵਿਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਚ) ਯੋਗਤਾ ਦੀ ਬਰਾਬਰਤਾ ਵਿਵਾਦ ਦੇ ਮਾਮਲੇ ਵਿਚ ਇਸ ਉਦੇਸ਼ ਵਾਸਤੇ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਗਠਿਤ ਹਾਈ ਪਾਵਰ ਐਕਸਪਰਟ ਕਮੇਟੀ ਦੁਆਰਾ ਫੈਸਲਾ ਕੀਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

ਛ) ਕਾਊਂਸਲਿੰਗ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਮੈਰਿਟ ਵਿਚ ਉਸ ਤੋਂ ਅਗਲੇ ਉਮੀਦਵਾਰ ਨੂੰ ਵਿਚਾਰਦੇ ਹੋਏ ਆਸਾਮੀ ਸਬੰਧੀ ਢੁੱਕਵੀਂ ਸਿਫਾਰਸ਼ ਵਿਭਾਗ ਨੂੰ ਕਰ ਦਿੱਤੀ ਜਾਵੇਗੀ।

ਜ) ਕਾਊਂਸਲਿੰਗ ਲਈ ਆਉਣ ਵਾਲੇ ਉਮੀਦਵਾਰ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

ਝ) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਨੋਟਿਸਾਂ ਅਤੇ ਕਾਊਂਸਲਿੰਗ ਆਦਿ ਸਬੰਧੀ ਵੈਬਸਾਈਟ ਤੇ ਆਪ ਹੀ ਧਿਆਨ ਰੱਖਣਗੇ ਅਤੇ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ।

ਞ) ਕਿਸੇ ਵੀ ਮਦਦ ਲਈ ਕੰਮ ਵਾਲੇ ਸਮੇਂ ਦੌਰਾਨ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ **ਟੈਲੀਫੋਨ ਨੰ:0172-2298000- Ext. 5103, 5106, 5107** ਤੇ ਸੰਪਰਕ ਕੀਤਾ ਜਾ ਸਕਦਾ ਹੈ।

**18. ਅਪਲਾਈ ਕਰਨ ਦੀ ਵਿਧੀ**

1. ਉਮੀਦਵਾਰ ਬੋਰਡ ਦੀ ਵੈਬਸਾਈਟ www.punjabsssb.gov.in ਤੇ ਮਿਤੀ 07.09.2016 ਤੋਂ 27.09.2016 ਤੱਕ ਆਨਲਾਈਨ ਅਪਲਾਈ ਕਰਨਗੇ। ਉਮੀਦਵਾਰ ਰਜਿਸਟ੍ਰੇਸਨ ਸਮੇਂ ਹੀ ਆਪਣੀ ਪਾਸਪੋਰਟ ਸਾਈਜ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੀ ਵਿਦਿਅਕ ਯਗਤਾ (ਗ੍ਰੈਜੂਏਸ਼ਨ, ਮੈਟਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ ਅਤੇ ਕੈਟਾਗਰੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਇਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਉਪਰੰਤ ਹੀ ਫੀਸ ਜਮਾਂ ਕਰਵਾਉਣ ਲਈ ਚਾਲਾਨ ਜਨਰੇਟ ਹੋਵੇਗਾ। ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30.09.2016 ਹੋਵੇਗੀ। ਆਨਲਾਈਨ ਐਪਲੀਕੇਸਨ ਫਾਰਮ ਦਾ ਪ੍ਰੋਸੈਸ ਪੂਰਾ ਹੋਣ ਉਪਰੰਤ ਹੀ ਪ੍ਰਿੰਟ ਜਨਰੇਟ ਹੋਵੇਗਾ।
2. ਜਿਹੜੇ ਉਮੀਦਵਾਰ ਐਪਲੀਕੇਸਨ ਫੀਸ ਦੀ ਅਦਾਇਗੀ ਡੈਬਿਟ ਕਾਰਡ/ਕਰੈਡਿਟ ਕਾਰਡ/ਨੈਟ ਬੈਂਕਿੰਗ ਰਾਹੀਂ ਕਰਨੀ ਚਾਹੁੰਦੇ ਹਨ, ਉਹ ਐਪਲੀਕੇਸ਼ਨ ਵਿਚ ਮੌਜੂਦ ਆਨਲਾਈਨ ਪੇਮੈਂਟ ਦੇ ਲਿੰਕ ਤੇ ਕਲਿੱਕ ਕਰਕੇ ਫੀਸ ਦਾ ਭੁਗਤਾਨ ਕਰ ਸਕਦੇ ਹਨ।
3. ਜਿਹੜੇ ਉਮੀਦਵਾਰ ਫੀਸ ਦੀ ਪੇਮੈਂਟ ਬੈਂਕ ਰਾਹੀਂ ਕਰਨਾ ਚਾਹੁੰਦੇ ਹਨ, ਉਹ ਆਨਲਾਈਨ ਅਪਲਾਈ ਕਰਨ ਸਬੰਧੀ ਆਈ.ਡੀ. generate ਹੋਣ ਤੋਂ ਅਗਲੇ ਦਿਨ 11.00 ਵਜੇ ਤੋਂ ਬਾਅਦ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ **ਸਟੇਟ ਬੈਂਕ ਆਫ ਇੰਡੀਆ** ਦੀ ਕਿਸੇ ਸਾਖਾ ਵਿੱਚ ਫੀਸ ਜਮ੍ਹਾਂ ਕਰਵਾ ਸਕਦੇ ਹਨ।

4) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਨਾ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

5) ਜੇਕਰ ਆਨਲਾਈਨ ਫਾਰਮ ਭਰਦੇ ਸਮੇਂ ਉਮੀਦਵਾਰ ਪਾਸੋਂ ਕੋਈ ਗਲਤੀ ਹੋ ਜਾਂਦੀ ਹੈ ਅਤੇ ਉਸ ਦੁਆਰਾ ਬੈਂਕ ਚਲਾਨ ਰਾਹੀਂ ਫੀਸ ਦਾ ਨਕਦ ਭੁਗਤਾਨ ਕੀਤਾ ਜਾਣਾ ਹੈ ਤਾਂ ਚਲਾਨ ਜਨਰੇਟ ਹੋਣ ਤੋਂ ਪਹਿਲਾਂ ਅਤੇ ਜੇਕਰ ਉਸ ਦੁਆਰਾ ਫੀਸ ਦਾ ਭੁਗਤਾਨ ਡੈਬਿਟ ਕਾਰਡ/ਕਰੈਡਿਟ ਕਾਰਡ/ਨੈਟ ਬੈਂਕਿੰਗ ਰਾਹੀਂ ਕੀਤਾ ਜਾਣਾ ਹੈ ਤਾਂ ਫੀਸ ਦੀ ਆਨਲਾਈਨ ਪੇਮੈਂਟ ਕਰਨ ਤੋਂ ਪਹਿਲਾਂ ਉਸ ਪਾਸ ਇਕ ਵਾਰ ਸੋਧ ਕਰਨ ਦੀ ਆਪਸ਼ਨ ਉਪਲਬਧ ਹੋਵੇਗੀ।

6) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ ਨਹੀਂ ਮੰਨਿਆ ਜਾਵੇਗਾ ਅਤੇ ਉਮੀਦਵਾਰ ਦੀ ਅਰਜੀ ਰੱਦ ਹੋ ਜਾਵੇਗੀ।

**ਸਹੀ/-**

**ਮਿਤੀ: 01 ਸਤਬਰ, 2016**

**ਸਕੱਤਰ,**
**ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।**